ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 7812/CC ਮਿਤੀ 8/3/16

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ - 2 ਸ਼ਾਖਾ)

ਦਫ਼ਤਰੀ ਹੁਕਮ

ਸਿੰਚਾਈ ਵਿਭਾਗ, ਪੰਜਾਬ ਵਿੱਚ ਜ਼ਿਲ੍ਹੇਦਾਰਾਂ ਤੋਂ ਬਤੌਰ ਡਿਪਟੀ ਕੁਲੈਕਟਰ ਪਦ-ਉਨਤੀਆਂ ਡਿਪਟੀ ਕੁਲੈਕਟਰਾਂ ਦੀਆਂ ਸੇਵਾਵਾਂ "ਦੀ ਪੰਜਾਬ ਪਬਲਿਕ ਵਰਕਸ ਡਿਪਾਰਟਮੈਂਟ (ਇਰੀਗੇਸ਼ਨ ਬਰਾਂਚ) ਡਿਪਟੀ ਕੁਲੈਕਟਰਜ਼ ਸਟੇਟ ਸਰਵਿਸ ਕਲਾਸ-2 ਨਿਯਮਾਂਵਲੀ, 1955" ਅਧੀਨ ਰੈਗੂਲੇਟ ਹੁੰਦੀਆਂ ਹਨ। ਇਹਨਾਂ ਨਿਯਮਾਂ ਦੇ ਨਿਯਮ-6 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ:-

**Method of Recruitment**

6. "All appointments to the Service shall be made from among the Ziledars with 10 years service as such in the Punjab Public Works Department (Irrigation Branch) Ziledars State Service, Class-IIIPurely be selection. No Ziledar shall be entitled to such appointment as of right."

2. ਉਪਰੋਕਤ ਰੂਲਾਂ/ਉਪਬੰਧਾਂ ਤੋਂ ਇਲਾਵਾ ਪ੍ਰਸੋਨਲ ਵਿਭਾਗ (ਪੀ.ਪੀ.-1 ਸ਼ਾਖਾ) ਵੱਲੋਂ ਜਾਰੀ ਹਦਾਇਤਾਂ ਨੰ: 4/43/09-3ਪੀਪੀ1/573, ਮਿਤੀ 17.07.2012 ਅਨੁਸਾਰ ਸੁਪਰਡੰਟ ਗ੍ਰੇਡ-1 ਤੋਂ ਹੇਠਾਂ ਦੀਆਂ ਮਨਿਸਟਰੀਅਲ ਸੇਵਾਵਾਂ ਤੋਂ ਇਲਾਵਾ ਤਕਨੀਕੀ ਅਸਾਮੀਆਂ, ਜੋ ਸੁਪਰਡੰਟ ਗ੍ਰੇਡ-1 ਦੇ ਸਮਾਨ ਪੇਅ-ਸਕੇਲ, ਜ਼ਮ੍ਹਾਂ ਗਰੇਡ ਤੋਂ ਹੇਠ ਦੀਆਂ ਅਸਾਮੀਆਂ ਹਨ, ਦੀਆਂ ਪਦ-ਉਨਤੀਆਂ ਵੀ ਪ੍ਰਬੰਧਕੀ ਸਕੱਤਰ (ਨਿਯੁਕਤੀ ਕਰਤਾ ਅਧਿਕਾਰੀ) ਦੀ ਪੱਧਰ ਤੇ ਬਿਨ੍ਹਾਂ ਡੀ.ਪੀ.ਸੀ. ਤੋਂ ਨਿਯਮਾਂ ਅਨੁਸਾਰ ਕਰ ਲਈ ਜਾਵੇ, ਪਰੰਤੂ ਬੈਂਚ ਮਾਰਕ ਅਤੇ ਹੋਰ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪ੍ਰਤੀ-ਪੂਰਤੀ ਯਕੀਨੀ ਬਣਾਈ ਜਾਵੇ।

3. ਇਹਨਾਂ ਉਪਰੋਕਤ ਉਪਬੰਧਾਂ/ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਦੇ ਸਨਮੁੱਖ ਸਿੰਚਾਈ ਵਿਭਾਗ ਵਿੱਚ ਡਿਪਟੀ ਕੁਲੈਕਟਰ ਦੀ ਖਾਲ੍ਹੀ ਪਈ 01 ਅਸਾਮੀ ਵਿਰੁੱਧ ਸ੍ਰੀ ਕਿਸ਼ੋਰ ਸ਼ਰਮਾ, ਜ਼ਿਲ੍ਹੇਦਾਰ ਨੂੰ ਬਤੌਰ ਡਿਪਟੀ ਕੁਲੈਕਟਰ ਪਦ-ਉਨਤੀ ਕਰਨ ਲਈ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਡਿਪਟੀ ਕੁਲੈਕਟਰ ਦੀ ਅਸਾਮੀ ਲਈ ਯੋਗ ਪਾਇਆ ਗਿਆ। ਜਿਸ ਦੇ ਸਨਮੁੱਖ ਸ੍ਰੀ ਕਿਸ਼ੋਰ ਸ਼ਰਮਾ, ਜ਼ਿਲ੍ਹੇਦਾਰ ਨੂੰ ਬਤੌਰ ਡਿਪਟੀ ਕੁਲੈਕਟਰ, ਤਨਖਾਹ ਸਕੇਲ 10300-34800+5000 (ਗ੍ਰੇਡ-ਪੇਅ) ਵਿੱਚ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਪਦ-ਉਨਤ ਕੀਤਾ ਜਾਂਦਾ ਹੈ:-

(ੳ) ਅਧਿਕਾਰੀ/ਕਰਮਚਾਰੀ ਨੂੰ ਰੂਲਾਂ/ਹਦਾਇਤਾਂ ਅਨੁਸਾਰ ਪਰਖ-ਕਾਲ ਦਾ ਸਮਾਂ ਪੂਰਾ ਕਰਨਾ ਹੋਵੇਗਾ;

(ਅ) ਮਾਨਯੋਗ ਸੁਪਰੀਮ ਕੋਰਟ ਵੱਲੋਂ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿੱਚ ਮਿਤੀ 19.10.2006 ਨੂੰ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪ੍ਰਸੋਨਲ ਵਿਭਾਗ ਵੱਲੋਂ ਜੋ ਨੀਤੀ ਨਿਰਧਾਰਿਤ ਕੀਤੀ ਜਾਵੇਗੀ, ਉਸ ਦੀ ਪਾਲਣਾ ਕਰਨ ਦੇ ਪਾਬੰਦ ਹੋਵੇਗਾ ਅਤੇ ਪ੍ਰਬੰਧਕੀ ਜ਼ਰੂਰਤਾਂ ਦੇ ਅਧਾਰ ਤੇ ਜੇਕਰ ਕੋਈ ਤਬਦੀਲੀ ਆਈ ਤਾਂ ਇਹ ਪਦ-ਉਨਤੀ ਮੁੜ ਵਿਚਾਰੀ ਜਾ ਸਕਦੀ ਹੈ;

(ੲ) ਇਹ ਪਦ-ਉਨਤੀ ਸਿਵਲ ਰਿੱਟ ਪਟੀਸ਼ਨ ਨੰ: 15734/2014-ਵੇਦ ਪ੍ਰਕਾਸ਼ ਢੀਂਗਰਾ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ ਵਿੱਚ ਮਾਨਯੋਗ ਅਦਾਲਤ ਵੱਲੋਂ

ਮਿਤੀ 05.08.2014 ਨੂੰ ਦਿੱਤੇ ਹੁਕਮਾਂ ਦੇ ਫੈਸਲੇ ਤੇ ਨਿਰਭਰ ਹੋਵੇਗੀ। ਹੁਕਮ ਹੂ-ਬ-ਹੂ ਹੇਠ ਲਿਖੇ ਅਨੁਸਾਰ ਹੈ:-

"Promotion, if any, shall be subject to the outcome of the writ petition."

(ਸ) ਇਹ ਪਦ-ਉਨਤੀ ਉਕਤ ਰਿੱਟ ਪਟੀਸ਼ਨ ਤੋਂ ਇਲਾਵਾ ਵੱਖ-ਵੱਖ ਅਦਾਲਤਾਂ ਵਿੱਚ ਪੈਂਡਿੰਗ ਪਟੀਸ਼ਨਾਂ ਆਦਿ ਵਿੱਚ ਹੋਣ ਵਾਲੇ ਫੈਸਲਿਆਂ ਦੇ ਸਿੱਟਿਆਂ ਤੇ ਅਧਾਰਿਤ ਹੋਵੇਗੀ;

(ਹ) ਇਹ ਪਦ-ਉਨਤੀ ਕਰਨ ਨਾਲ ਫੀਡਰ-ਕਾਡਰ (ਸਭ ਤੋਂ ਹੇਠਲੇ ਕਾਡਰ) ਵਿੱਚ ਖਾਲੀ ਹੋਣ ਵਾਲੀ ਅਸਾਮੀ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.06.2000 ਦੀ ਰੋਸ਼ਨੀ ਵਿੱਚ ਖਤਮ (Abolished) ਸਮਝੀ ਜਾਵੇਗੀ; ਅਤੇ

(ਕ) ਇਹ ਹੁਕਮ ਡਿਪਟੀ ਕੁਲੈਕਟਰ ਦੀ ਅਸਾਮੀ ਦਾ ਚਾਰਜ ਸੰਭਾਲਣ ਦੀ ਮਿਤੀ ਤੋਂ ਲਾਗੂ ਹੋਣਗੇ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਮਿਤੀ, ਚੰਡੀਗੜ੍ਹ:
02 ਮਾਰਚ, 2016

ਨੰ: 8/13/2014-2ਸਿੰਪ੍ਰੋ(2)/ 704951/3 ਮਿਤੀ, ਚੰਡੀਗੜ੍ਹ: 4/3/16

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ, ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
2) ਮੁੱਖ ਇੰਜੀਨੀਅਰ, ਜਲ ਨਿਕਾਸ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ;
3) ਇੰਚਾਰਜ਼, ਕੰਪਿਊਟਰ ਸੈੱਲ, ਮੁੱਖ ਦਫ਼ਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ; ਅਤੇ
4) ਸ੍ਰੀ ਕਿਸ਼ੋਰ ਸ਼ਰਮਾ, ਦਫਤਰ: ਭੌਂ ਪ੍ਰਾਪਤੀ, ਜਲ ਨਿਕਾਸ ਸਰਕਲ, ਪਟਿਆਲਾ

ਸੁਪਰਡੰਟ

ਅੰਦਰੂਨੀ ਵੰਡ:

- ਨਿੱ:ਸ:/ਮਾਨਯੋਗ ਸਿੰਚਾਈ ਮੰਤਰੀ ਜੀ; ਅਤੇ
- ਨਿੱ:ਸ:/ਮਾਨਯੋਗ ਸਕੱਤਰ, ਸਿੰਚਾਈ ਜੀ

ਦਫਤਰ ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਪੰਜਾਬ
2028
08 MAR 2016
ਚੰਡੀਗੜ੍ਹ